ਮਿੱਠੇ ਬੱਚੇ:- "ਮਿੱਠੇ ਬੱਚੇ - ਹੁਣ ਤੁਸੀਂ ਨਵੇਂ ਸੰਬੰਧ ਵਿੱਚ ਜਾ ਰਹੇ ਹੋ ਇਸਲਈ ਇਥੋਂ ਦੇ ਕਰਮਬੰਧਨੀ ਸੰਬੰਧਾਂ ਨੂੰ ਭੁੱਲ ਕਰਮਾਤੀਤ ਬਣਨ ਦਾ ਪੁਰਸ਼ਾਰਥ ਕਰੋ।"

ਪ੍ਰਸ਼ਨ:- ਬਾਪ ਕਿਹੜੇ ਬੱਚਿਆਂ ਦੀ ਵਾਹ-ਵਾਹ ਕਰਦੇ ਹਨ? ਸਬ ਤੋਂ ਜ਼ਿਆਦਾ ਪਿਆਰ ਕਿੰਨਾ ਨੂੰ ਦਿੰਦੇ ਹਨ?

ਉੱਤਰ:- ਬਾਬਾ ਗਰੀਬ ਬੱਚਿਆਂ ਦੀ ਵਾਹ-ਵਾਹ ਕਰਦੇ ਹਨ, ਵਾਹ ਗ਼ਰੀਬੀ ਵਾਹ! ਆਰਾਮ ਨਾਲ ਦੋ ਰੋਟੀਆਂ ਖਾਣੀਆਂ ਹਨ, ਹਬੱਚ (ਲਾਲਚ) ਨਹੀਂ। ਗਰੀਬ ਬੱਚੇ ਬਾਪ ਨੂੰ ਪਿਆਰ ਨਾਲ ਯਾਦ ਕਰਦੇ ਹਨ। ਬਾਬਾ ਅਨਪੜ੍ਹ ਬੱਚਿਆਂ ਨੂੰ ਵੇਖ ਕੇ ਖੁਸ਼ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਪੜ੍ਹਿਆ ਹੋਇਆ ਭੁੱਲਣ ਲਈ ਮੇਹਨਤ ਨਹੀਂ ਕਰਨੀ ਪੈਂਦੀ।

ਓਮ ਸ਼ਾਂਤੀ - ਹੁਣ ਬਾਪ ਨੂੰ ਬੱਚਿਆਂ ਦੇ ਪ੍ਰਤੀ ਰੋਜ-ਰੋਜ ਬੋਲਣ ਦੀ ਜਰੂਰਤ ਨਹੀਂ ਪੈਂਦੀ ਕਿ ਆਪਣੇ ਆਪ ਨੂੰ ਆਤਮਾ ਸਮਝੋ। ਆਤਮ-ਅਭਿਮਾਨੀ ਭਵ ਅਤੇ ਦੇਹੀ-ਅਭਿਮਾਨੀ ਭਵ... ਅੱਖਰ ਹੈ ਤਾਂ ਉਹ ਹੀ ਨਾ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਆਤਮਾ ਵਿੱਚ ਹੀ 84 ਜਨਮਾਂ ਦਾ ਪਾਰਟ ਭਰਿਆ ਹੋਇਆ ਹੈ। ਇੱਕ ਸ਼ਰੀਰ ਲਿਆ, ਪਾਰਟ ਵਜਾਇਆ ਫਿਰ ਸ਼ਰੀਰ ਖ਼ਲਾਸ ਹੋ ਜਾਂਦਾ ਹੈ। ਆਤਮਾ ਤਾਂ ਅਵਿਨਾਸ਼ੀ ਹੈ। ਤੁਸੀਂ ਬੱਚਿਆਂ ਨੂੰ ਇਹ ਗਿਆਨ ਹੁਣ ਹੀ ਮਿਲਦਾ ਹੈ ਅਤੇ ਹੋਰ ਕਿਸੇ ਨੂੰ ਇਹਨਾਂ ਗੱਲਾਂ ਦਾ ਪਤਾ ਨਹੀਂ ਹੈ। ਹੁਣ ਬਾਪ ਕਹਿੰਦੇ ਹਨ - ਕੋਸ਼ਿਸ਼ ਕਰ ਜਿਤਨਾ ਹੋ ਸਕੇ ਬਾਪ ਨੂੰ ਯਾਦ ਕਰੋ। ਧੰਦੇਧੋਰੀ ਵਿੱਚ ਲੱਗ ਜਾਣ ਨਾਲ ਤਾਂ ਇੰਨੀ ਯਾਦ ਨਹੀਂ ਰਹਿੰਦੀ। ਗ੍ਰਹਿਸਤ ਵਿਵਹਾਰ ਵਿਚ ਰਹਿ ਕੇ ਕਮਲ ਫੁੱਲ ਵਾਂਗ ਪਵਿੱਤਰ ਬਣਨਾ ਹੈ। ਫਿਰ ਜਿਨ੍ਹਾਂ ਹੋ ਸਕੇ ਮੈਨੂੰ ਯਾਦ ਕਰੋ। ਇੰਵੇਂ ਨਹੀਂ ਕਿ ਸਾਨੂੰ ਨਿਸ਼ਠਾ ਵਿੱਚ ਬੈਠਣਾ ਹੈ। ਨਿਸ਼ਠਾ ਅੱਖਰ ਵੀ ਰਾਂਗ ਹੈ। ਅਸਲ ਵਿੱਚ ਹੈ ਹੀ ਯਾਦ। ਕਿੱਥੇ ਵੀ ਬੈਠੇ ਹੋ, ਬਾਪ ਨੂੰ ਯਾਦ ਕਰੋ। ਮਾਇਆ ਦੇ ਤੂਫਾਨ ਤਾਂ ਬਹੁਤ ਆਉਣਗੇ। ਕਿਸੇ ਨੂੰ ਕੀ ਯਾਦ ਆਏਗਾ, ਕਿਸੇ ਨੂੰ ਕੀ। ਤੂਫ਼ਾਨ ਆਉਣਗੇ ਜਰੂਰ ਫਿਰ ਉਸ ਸਮੇਂ ਉਹਨਾਂ ਨੂੰ ਮਿਟਾਉਣਾ ਪੈਂਦਾ ਹੈ ਕਿ ਨਾ ਆਉਂਣ। ਇੱਥੇ ਬੈਠੇ-ਬੈਠੇ ਵੀ ਮਾਇਆ ਬਹੁਤ ਤੰਗ ਕਰਦੀ ਰਹੇਗੀ। ਇਹ ਹੀ ਤਾਂ ਯੁੱਧ ਹੈ। ਜਿੰਨੇ ਹਲਕੇ ਹੋਵੋਗੇ ਉਣੇ ਬੰਧਨ ਘੱਟ ਬਣਨਗੇ। ਪਹਿਲਾ ਤਾਂ ਆਤਮਾ ਨਿਰਬੰਧਨ ਹੈ, ਜਦੋਂ ਜਨਮ ਲੈਂਦੀ ਤਾਂ ਮਾਂ-ਬਾਪ ਵਿੱਚ ਬੁੱਧੀ ਜਾਂਦੀ ਹੈ, ਫਿਰ ਇਸਤ੍ਰੀ ਨੂੰ ਅਡੋਪਟ ਕਰਦੇ ਹਨ, ਜੋ ਚੀਜ਼ ਸਾਮ੍ਹਣੇ ਨਹੀਂ ਸੀ ਉਹ ਸਾਮ੍ਹਣੇ ਆ ਜਾਂਦੀ ਹੈ, ਫਿਰ ਬੱਚੇ ਪੈਦਾ ਹੋਣਗੇ ਤਾਂ ਉਹਨਾਂ ਦੀ ਯਾਦ ਵੱਧੇਗੀ। ਹੁਣ ਤੁਹਾਨੂੰ ਸਬ ਨੂੰ ਇਹ ਭੁੱਲ ਜਾਣਾ ਹੈ, ਇੱਕ ਬਾਪ ਨੂੰ ਹੀ ਯਾਦ ਕਰਨਾ ਹੈ, ਇਸ ਲਈ ਹੀ ਬਾਪ ਦੀ ਮਹਿਮਾ ਹੈ। ਤੁਹਾਡਾ ਮਾਤਾ-ਪਿਤਾ ਆਦਿ ਸਬ ਕੁਝ ਉਹ ਹੀ ਹੈ, ਉਹਨਾਂ ਨੂੰ ਹੀ ਯਾਦ ਕਰੋ। ਉਹ ਤੁਹਾਨੂੰ ਭਵਿੱਖ ਦੇ ਲਈ ਸਭ ਕੁਝ ਨਵਾਂ ਦਿੰਦੇ ਹਨ। ਨਵੇਂ ਸੰਬੰਧ ਵਿੱਚ ਲੈ ਆਉਂਦੇ ਹਨ। ਸੰਬੰਧ ਤਾਂ ਉੱਥੇ ਵੀ ਹੋਵੇਗਾ ਨਾ। ਇੰਵੇਂ ਤਾਂ ਨਹੀਂ ਕੋਈ ਪਰਲੈ ਹੋ ਜਾਂਦੀ ਹੈ। ਤੁਸੀਂ ਇੱਕ ਸ਼ਰੀਰ ਛੱਡ ਦੂਸਰਾ ਲੈਂਦੇ ਹੋ। ਜੋ ਬਹੁਤ ਚੰਗੇ - ਚੰਗੇ ਹਨ ਉਹ ਜ਼ਰੂਰ ਉੱਚ ਕੁੱਲ ਵਿੱਚ ਜਨਮ ਲੈਣਗੇ। ਤੁਸੀਂ ਪੜ੍ਹਦੇ ਹੀ ਹੋ ਭਵਿੱਖ 21 ਜਨਮ ਦੇ ਲਈ। ਪੜ੍ਹਾਈ ਪੂਰੀ ਹੋਈ ਤਾਂ ਪ੍ਰਾਲਬੱਧ ਸ਼ੁਰੂ ਹੋਵੇਗੀ। ਸਕੂਲ ਵਿੱਚ ਪੜ੍ਹਕੇ ਟਰਾਂਸਫਰ ਹੁੰਦੇ ਹਨ ਨਾ। ਤੁਸੀਂ ਵੀ ਟਰਾਂਸਫਰ ਹੋਣ ਵਾਲੇ ਹੋ - ਸ਼ਾਂਤੀਧਾਮ ਫ਼ਿਰ ਸੁੱਖਧਾਮ ਵਿੱਚ। ਇਸ ਛੀ - ਛੀ ਦੁਨੀਆਂ ਤੋਂ ਛੁੱਟ ਜਾਵੋਗੇ। ਇਸ ਦਾ ਨਾਮ ਹੀ ਹੈ ਨਰਕ। ਸਤਯੁੱਗ ਨੂੰ ਕਿਹਾ ਜਾਂਦਾ ਹੈ ਸ੍ਵਰਗ। ਇੱਥੇ ਮਨੁੱਖ ਕਿੰਨੇ ਘੋਰ ਹਨ੍ਹੇਰੇ ਵਿੱਚ ਹਨ। ਧਨਵਾਨ ਜੋ ਹਨ ਉਹ ਸਮਝਦੇ ਹਨ ਸਾਡੇ ਲਈ ਇੱਥੇ ਹੀ ਸ੍ਵਰਗ ਹੈ। ਸ੍ਵਰਗ ਹੁੰਦਾ ਹੀ ਹੈ ਨਵੀਂ ਦੁਨੀਆਂ ਵਿੱਚ। ਇਹ ਪੁਰਾਣੀ ਦੁਨੀਆਂ ਤਾਂ ਵਿਨਾਸ਼ ਹੋ ਜਾਣੀ ਹੈ। ਜੋ ਕਰਮਾਤੀਤ ਅਵੱਸਥਾ ਵਾਲੇ ਹੋਣਗੇ ਉਹ ਕੋਈ ਧਰਮਰਾਜ ਪੁਰੀ ਵਿੱਚ ਸਜ਼ਾਵਾਂ ਥੋੜ੍ਹੇ ਹੀ ਭੋਗਣਗੇ। ਸ੍ਵਰਗ ਵਿੱਚ ਤਾਂ ਸਜ਼ਾ ਹੋਵੇਗੀ ਹੀ ਨਹੀਂ। ਉੱਥੇ ਗਰਭ ਵੀ ਮਹਿਲ ਹੁੰਦਾ ਹੈ। ਕੋਈ ਦੁਖ਼ ਦੀ ਗੱਲ ਨਹੀਂ। ਇੱਥੇ ਤਾਂ ਗਰਭ ਜੇਲ੍ਹ ਹੈ ਜੋ ਸਜ਼ਾਵਾਂ ਖਾਂਦੇ ਰਹਿੰਦੇ ਹਨ। ਤੁਸੀਂ ਕਿੰਨੀ ਵਾਰ ਸਵਰਗਵਾਸੀ ਬਣਦੇ ਹੋ - ਇਹ ਯਾਦ ਕਰੋ ਤਾਂ ਵੀ ਸਾਰਾ ਚੱਕਰ ਯਾਦ ਰਹੇ। ਇੱਕ ਹੀ ਗੱਲ ਲੱਖਾਂ ਰੁਪਈਆਂ ਦੀ ਹੈ। ਇਹ ਭੁੱਲ ਜਾਣ ਨਾਲ, ਦੇਹ - ਅਭਿਮਾਨ ਵਿੱਚ ਆਉਣ ਕਾਰਣ ਨੁਕਸਾਨ ਕਰਦੀ ਹੈ। ਇਹ ਹੀ ਮਿਹਨਤ ਹੈ। ਮਿਹਨਤ ਬਿਗਰ ਉੱਚ ਪਦਵੀ ਪਾ ਨਹੀਂ ਸਕਦੇ। ਬਾਬਾ ਨੂੰ ਕਹਿੰਦੇ ਹਨ - ਬਾਬਾ ਅਸੀਂ ਅਨਪੜ੍ਹ ਹਾਂ, ਕੁਝ ਨਹੀਂ ਜਾਣਦੇ। ਬਾਬਾ ਤੇ ਖੁਸ਼ ਹੋ ਜਾਂਦੇ ਹਨ ਕਿਉਂਕਿ ਇੱਥੇ ਤਾਂ ਪੜ੍ਹਿਆ ਹੋਇਆ ਸਭ ਭੁੱਲਣਾ ਹੈ। ਇਹ ਤਾਂ ਥੋੜ੍ਹੇ ਸਮੇਂ ਦੇ ਲਈ ਸ਼ਰੀਰ ਨਿਰਵਾਹ ਆਦਿ ਲਈ ਪੜ੍ਹਨਾ ਹੈ। ਜਾਣਦੇ ਹੋ ਨਾ - ਇਹ ਸਭ ਖ਼ਲਾਸ ਹੋਣ ਵਾਲਾ ਹੈ। ਜਿਨਾਂ ਹੋ ਸਕੇ ਬਾਪ ਨੂੰ ਯਾਦ ਕਰਨਾ ਹੈ ਅਤੇ ਰੋਟੀ ਟੁਕੜਾ ਖੁਸ਼ੀ ਨਾਲ ਖਾਣਾ ਹੈ। ਵਾਹ ਗ਼ਰੀਬੀ ਇਸ ਸਮੇਂ ਦੀ। ਆਰਾਮ ਨਾਲ ਰੋਟੀ ਟੁਕੜਾ ਖਾਣਾ ਹੈ। ਹਬੱਚ ( ਲਾਲਚ) ਨਹੀਂ। ਅੱਜਕਲ ਅਨਾਜ਼ ਮਿਲਦਾ ਕਿੱਥੇ ਹੈ। ਚੀਨੀ ਆਦਿ ਵੀ ਹੋਲੀ - ਹੋਲੀ ਕਰਕੇ ਮਿਲੇਗੀ ਨਹੀਂ। ਇੰਵੇਂ ਨਹੀਂ, ਤੁਸੀਂ ਈਸ਼ਵਰੀਏ ਸਰਵਿਸ ਕਰਦੇ ਹੋ ਤਾਂ ਗੌਰਮਿੰਟ ਤੁਹਾਨੂੰ ਦੇ ਦੇਵੇਗੀ। ਉਹ ਤਾਂ ਕੁਝ ਵੀ ਜਾਣਦੇ ਨਹੀਂ। ਹਾਂ, ਬੱਚਿਆਂ ਨੂੰ ਕਿਹਾ ਜਾਂਦਾ ਹੈ - ਗੌਰਮਿੰਟ ਨੂੰ ਸਮਝਾਓ ਕਿ ਅਸੀਂ ਸਾਰੇ ਮਿਲ ਕੇ ਮਾਂ - ਬਾਪ ਦੇ ਕੋਲ ਜਾਂਦੇ ਹਾਂ, ਉਨ੍ਹਾਂਨੇ ਬੱਚਿਆਂ ਨੂੰ ਟੋਲੀ ਭੇਜਨੀ ਹੁੰਦੀ ਹੈ। ਇੱਥੇ ਤਾਂ ਸਾਫ਼ ਕਹਿ ਦਿੰਦੇ ਕਿ ਹੈ ਹੀ ਨਹੀਂ। ਲਾਚਾਰੀ ਥੋੜ੍ਹੀ ਦੇ ਦਿੰਦੇ ਹਨ। ਜਿਵੇਂ ਫਕੀਰ ਲੋਕਾਂ ਨੂੰ ਕੋਈ ਸ਼ਾਹੂਕਾਰ ਹੋਵੇਗਾ ਤਾਂ ਮੁੱਠੀ ਭਰਕੇ ਦੇ ਦੇਵੇਗਾ। ਗਰੀਬ ਹੋਵੇਗਾ ਤਾਂ ਥੋੜ੍ਹਾ ਬਹੁਤ ਦੇ ਦੇਵੇਗਾ ਚੀਨੀ ਆਦਿ ਆ ਸਕਦੀ ਹੈ ਪਰੰਤੂ ਬੱਚਿਆਂ ਦਾ ਯੋਗ ਘੱਟ ਹੋ ਜਾਂਦਾ ਹੈ। ਯਾਦ ਨਾ ਰਹਿਣ ਦੇ ਕਾਰਣ, ਦੇਹ - ਅਭਿਮਾਨ ਵਿੱਚ ਆਉਣ ਦੇ ਕਾਰਣ ਕੋਈ ਕੰਮ ਹੋ ਨਹੀਂ ਸਕਦਾ। ਇਹ ਕੰਮ ਪੜ੍ਹਾਈ ਨਾਲ ਇਨ੍ਹਾਂ ਨਹੀਂ ਹੋਵੇਗਾ ਜਿਨ੍ਹਾਂ ਯੋਗ ਨਾਲ ਹੋਵੇਗਾ। ਉਹ ਬਹੁਤ ਘੱਟ ਹੈ। ਮਾਇਆ ਯਾਦ ਨੂੰ ਉੱਡਾ ਦਿੰਦੀ ਹੈ। ਰੁਸਤਮ ਨੂੰ ਹੋਰ ਵੀ ਚੰਗੀ ਤਰ੍ਹਾਂ ਫੜ੍ਹਦੀ ਹੈ। ਚੰਗੇ - ਚੰਗੇ ਫਸਟਕਲਾਸ ਬੱਚਿਆਂ ਤੇ ਵੀ ਗ੍ਰਹਿਚਾਰੀ ਬੈਠਦੀ ਹੈ। ਗ੍ਰਹਿਚਾਰੀ ਬੈਠਣ ਦਾ ਮੁੱਖ ਕਾਰਨ ਯੋਗ

ਦੀ ਕਮੀ ਹੈ। ਗ੍ਰਿਹਚਾਰੀ ਦੇ ਕਾਰਨ ਹੀ ਨਾਮ - ਰੂਪ ਵਿੱਚ ਫਸ ਮਰਦੇ ਹਨ। ਇਹ ਵੱਡੀ ਮੰਜ਼ਿਲ ਹੈ। ਜੇਕਰ ਸੱਚੀ ਮੰਜ਼ਿਲ ਪਾਣੀ ਹੈ, ਤਾਂ ਯਾਦ ਵਿੱਚ ਰਹਿਣਾ ਪਵੇ।

ਬਾਪ ਕਹਿੰਦੇ ਹਨ - ਧਿਆਨ ਤੋਂ ਵੀ ਗਿਆਨ ਚੰਗਾ। ਗਿਆਨ ਨਾਲੋਂ ਯਾਦ ਚੰਗੀ ਹੈ। ਧਿਆਨ ਵਿੱਚ ਜ਼ਿਆਦਾ ਜਾਣ ਨਾਲ ਮਾਇਆ ਦੇ ਭੂਤਾਂ ਦੀ ਪ੍ਰਵੇਸ਼ਤਾ ਹੋ ਜਾਂਦੀ ਹੈ। ਅਜਿਹੇ ਬਹੁਤ ਹਨ ਜੋ ਫਾਲਤੂ ਧਿਆਨ ਵਿੱਚ ਜਾਂਦੇ ਹਨ। ਕੀ - ਕੀ ਬੋਲਦੇ ਹਨ, ਉਨ੍ਹਾਂ ਤੇ ਵਿਸ਼ਵਾਸ ਨਹੀਂ ਕਰਨਾ। ਗਿਆਨ ਤਾਂ ਬਾਬਾ ਦੀ ਮੁਰਲੀ ਵਿੱਚ ਮਿਲਦਾ ਰਹਿੰਦਾ ਹੈ। ਬਾਪ ਖ਼ਬਰਦਾਰ ਕਰਦੇ ਰਹਿੰਦੇ ਹਨ। ਧਿਆਨ ਕੋਈ ਕੰਮ ਦਾ ਨਹੀਂ ਹੈ। ਬਹੁਤ ਮਾਇਆ ਦੀ ਪ੍ਰਵੇਸ਼ਤਾ ਹੋ ਜਾਂਦੀ ਹੈ। ਹੰਕਾਰ ਆ ਜਾਂਦਾ ਹੈ। ਗਿਆਨ ਤਾਂ ਸਭ ਨੂੰ ਮਿਲਦਾ ਰਹਿੰਦਾ ਹੈ। ਗਿਆਨ ਦੇਣ ਵਾਲਾ ਸ਼ਿਵਬਾਬਾ ਹੈ। ਮੰਮਾ ਨੂੰ ਵੀ ਇਥੋਂ ਗਿਆਨ ਮਿਲਦਾ ਸੀ ਨਾ। ਉਸਨੂੰ ਵੀ ਕਹਿਣਗੇ ਮਨਮਨਾਭਵ। ਬਾਪ ਨੂੰ ਯਾਦ ਕਰੋ, ਦੈਵੀਗੁਣ ਧਾਰਨ ਕਰੋ। ਅਪਣੇ ਨੂੰ ਵੇਖਣਾ ਹੈ ਅਸੀਂ ਦੈਵੀ ਗੁਣ ਧਾਰਨ ਕਰਦੇ ਹਾਂ? ਇੱਥੇ ਹੀ ਦੈਵੀਗੁਣ ਧਾਰਨ ਕਰਨੇ ਹਨ। ਕੋਈ ਨੂੰ ਵੇਖੋ ਹੁਣ ਫਸਟਕਲਾਸ ਅਵੱਸਥਾ ਹੈ, ਖੁਸ਼ੀ ਨਾਲ ਕੰਮ ਕਰਦੇ ਹਨ, ਘੰਟੇ ਦੇ ਬਾਦ ਕ੍ਰੋਧ ਦਾ ਭੂਤ ਆਇਆ, ਖਤਮ। ਫਿਰ ਸਮ੍ਰਿਤੀ ਆਉਂਦੀ ਹੈ, ਇਹ ਤਾਂ ਅਸੀਂ ਭੁੱਲ ਕੀਤੀ। ਫਿਰ ਸੁਧਰ ਜਾਂਦੇ ਹਨ। ਘੜੀ - ਘੜੀ ਦੇ ਘੜਿਆਲ - ਬਾਬਾ ਕੋਲ ਬਹੁਤ ਹਨ, ਹੁਣ ਵੇਖੋ ਵੱਡੇ ਮਿੱਠੇ, ਬਾਬਾ ਕਹਿਣਗੇ ਅਜਿਹੇ ਬੱਚਿਆਂ ਤੇ ਤਾਂ ਕੁਰਬਾਨ ਜਾਵਾਂ। ਘੰਟੇ ਬਾਦ ਫਿਰ ਕੋਈ ਨਾ ਕੋਈ ਗੱਲ ਵਿੱਚ ਵਿਗੜ ਪੈਂਦੇ ਹਨ। ਕ੍ਰੋਧ ਆਇਆ, ਸਾਰੀ ਕਮਾਈ ਖਤਮ ਹੋ ਗਈ। ਹੁਣ - ਹੁਣ ਕਮਾਈ, ਹੁਣ - ਹੁਣ ਘਾਟਾ ਹੋ ਜਾਂਦਾ ਹੈ। ਸਾਰਾ ਮਦਾਰ ਯਾਦ ਤੇ ਹੀ ਹੈ। ਗਿਆਨ ਤਾਂ ਵੱਡਾ ਸਹਿਜ ਹੈ। ਛੋਟਾ ਬੱਚਾ ਵੀ ਸਮਝ ਲਵੇ। ਪਰ ਮੈ ਜੋ ਹਾਂ, ਜਿਵੇਂ ਦਾ ਹਾਂ, ਯਥਾਰਥ ਰੀਤੀ ਜਾਨਣ। ਆਪਣੇ ਨੂੰ ਆਤਮਾ ਸਮਝਣ, ਛੋਟੇ ਬੱਚੇ ਥੋੜੀ ਨਾ ਯਾਦ ਕਰ ਸਕਣਗੇ। ਮਨੁੱਖਾਂ ਨੂੰ ਮਰਨ ਸਮੇਂ ਕਿਹਾ ਜਾਂਦਾ ਹੈ ਰੱਬ ਨੂੰ ਯਾਦ ਕਰੋ। ਪਰ ਯਾਦ ਨਾ ਕਰ ਸਕਣ ਕਿਓਂਕਿ ਯਥਾਰਥ ਕੋਈ ਵੀ ਜਾਣਦੇ ਨਹੀਂ ਹਨ। ਕੋਈ ਵੀ ਵਾਪਿਸ ਜਾ ਨਹੀਂ ਸਕਦੇ। ਨਾ ਵਿਕਰਮ ਵਿਨਾਸ਼ ਹੁੰਦੇ ਹਨ। ਪਰੰਪਰਾ ਤੋਂ ਰਿਸ਼ੀ - ਮੁਨੀ ਆਦਿ ਸਭ ਕਹਿੰਦੇ ਆਏ ਕਿ ਰਚਤਾ ਅਤੇ ਰਚਨਾ ਨੂੰ ਅਸੀਂ ਨਹੀਂ ਜਾਣਦੇ। ਉਹ ਤਾਂ ਫਿਰ ਵੀ ਸਤੋਗੁਣੀ ਸਨ। ਅੱਜ ਦੇ ਫਿਰ ਤਮੋਪ੍ਰਧਾਨ ਬੁੱਧੀ ਫਿਰ ਕਿਵੇਂ ਜਾਣ ਸਕਦੇ। ਬਾਪ ਕਹਿੰਦੇ ਹਨ ਇਹ ਲਕਸ਼ਮੀ - ਨਾਰਾਇਣ ਵੀ ਨਹੀਂ ਜਾਣਦੇ। ਰਾਜਾ - ਰਾਣੀ ਹੀ ਨਹੀਂ ਜਾਣਦੇ ਤਾਂ ਫਿਰ ਪ੍ਰਜਾ ਕਿਵੇਂ ਜਾਣੇਗੀ। ਕੋਈ ਵੀ ਨਹੀਂ ਜਾਣਦੇ। ਹੁਣ ਸਿਰਫ ਤੁਸੀਂ ਬੱਚੇ ਹੀ ਜਾਣਦੇ ਹੋ। ਤੁਹਾਡੇ ਵਿੱਚ ਵੀ ਕੋਈ ਹੈ ਜੋ ਯਥਾਰਥ ਰੀਤੀ ਜਾਣਦੇ ਹਨ, ਕਹਿੰਦੇ ਹਨ ਬਾਬਾ ਘੜੀ - ਘੜੀ ਭੁੱਲ ਜਾਂਦੇ ਹਾਂ। ਬਾਪ ਕਹਿੰਦੇ ਹਨ - ਕਿੱਥੇ ਵੀ ਜਾਓ ਸਿਰਫ ਬਾਪ ਨੂੰ ਯਾਦ ਕਰੋ। ਬੜੀ ਭਾਰੀ ਕਮਾਈ ਹੈ। ਤੁਸੀਂ 21 ਜਨਮਾਂ ਦੇ ਲਈ ਨਿਰੋਗੀ ਬਣਦੇ ਹੋ। ਇਵੇਂ ਬਾਪ ਨੂੰ ਅੰਤਰਮੁਖੀ ਹੋ ਯਾਦ ਕਰਨਾ ਚਾਹੀਦਾ ਹੈ ਨਾ। ਪਰ ਮਾਇਆ ਭੁੱਲਾ ਕੇ ਤੂਫ਼ਾਨ ਵਿੱਚ ਲਿਆ ਦਿੰਦੀ ਹੈ, ਇਸ ਵਿੱਚ ਅੰਤਰਮੁਖੀ ਹੋ ਵਿਚਾਰ ਸਾਗਰ ਮੰਥਨ ਕਰਨਾ ਹੈ। ਵਿਚਾਰ ਸਾਗਰ ਮੰਥਨ ਕਰਨ ਦੀ ਗੱਲ ਵੀ ਹੁਣ ਦੀ ਹੀ ਹੈ। ਇਹ ਹੈ ਪੁਰਸ਼ੋਤਮ ਬਣਨ ਦਾ ਸੰਗਮਯੁਗ। ਇਹ ਵੀ ਵੰਡਰ ਹੈ, ਤੁਸੀਂ ਬੱਚਿਆਂ ਨੇ ਵੇਖਿਆ ਹੈ - ਇੱਕ ਹੀ ਘਰ ਵਿੱਚ ਤੁਸੀਂ ਕਹਿੰਦੇ ਹੋ ਅਸੀਂ ਸੰਗਮਯੁਗੀ ਹਾਂ ਅਤੇ ਹਾਫ ਪਾਰਟਨਰ ਜਾਂ ਬੱਚਾ ਆਦਿ ਕਲਯੁਗੀ ਹੈ। ਕਿੰਨਾ ਫਰਕ ਹੈ। ਬਹੁਤ ਮਹੀਨ ਗੱਲ ਬਾਪ ਸਮਝਾਉਂਦੇ ਹਨ। ਘਰ ਵਿੱਚ ਰਹਿੰਦੇ ਹੋਏ ਵੀ ਬੁੱਧੀ ਵਿੱਚ ਹੈ ਕਿ ਅਸੀਂ ਫੁਲ ਬਣਨ ਦਾ ਪੁਰਸ਼ਾਰਥ ਕਰ ਰਹੇ ਹਾਂ। ਇਹ ਹੈ ਅਨੁਭਵ ਦੀਆਂ ਗੱਲਾਂ। ਪ੍ਰੈਕਟੀਕਲ ਵਿੱਚ ਮਿਹਨਤ ਕਰਨੀ ਹੈ। ਯਾਦ ਦੀ ਹੀ ਮਿਹਨਤ ਹੈ। ਇੱਕ ਹੀ ਘਰ ਵਿੱਚ ਇੱਕ ਹੰਸ ਤਾਂ ਦੂਜਾ ਬਗੁਲਾ। ਫਿਰ ਕੋਈ ਬਹੁਤ ਫ਼ਸਟਕਲਾਸ ਹੁੰਦੇ ਹਨ। ਕਦੀ ਵਿਕਾਰ ਦਾ ਖਿਆਲ ਵੀ ਨਹੀਂ ਆਉਂਦਾ ਹੈ। ਨਾਲ ਵਿੱਚ ਰਹਿੰਦੇ ਵੀ ਪਵਿੱਤਰ ਰਹਿੰਦੇ ਹਨ, ਹਿੰਮਤ ਵਿਖਾਉਂਦੇ ਹਨ ਤਾਂ ਉਨ੍ਹਾਂ ਨੂੰ ਕਿੰਨਾ ਉੱਚ ਪਦ ਮਿਲੇਗਾ। ਅਜਿਹੇ ਵੀ ਬੱਚੇ ਹਨ ਨਾ। ਕਈ ਤਾਂ ਵੇਖੋ ਵਿਕਾਰ ਦੇ ਲਈ ਕਿੰਨਾ ਮਾਰਦੇ ਝਗੜਦੇ ਹਨ, ਅਵੱਸਥਾ ਉਹ ਹੋਣੀ ਚਾਹੀਦੀ ਹੈ ਜੋ ਵੀ ਕਦੀ ਅਪਵਿੱਤਰ ਬਣਨ ਦਾ ਖਿਆਲ ਨਾ ਆਏ। ਬਾਪ ਹਰ ਤਰ੍ਹਾਂ ਨਾਲ ਰਾਏ ਦਿੰਦੇ ਰਹਿੰਦੇ ਹਨ। ਤੁਸੀਂ ਜਾਣਦੇ ਹੋ ਸ੍ਰੀ ਸ੍ਰੀ ਦੀ ਮਤ ਨਾਲ ਅਸੀਂ ਸ੍ਰੀ ਲਕਸ਼ਮੀ, ਸ੍ਰੀ ਨਾਰਾਇਣ ਬਣਦੇ ਹਾਂ। ਸ੍ਰੀ ਮਾਨਾ ਹੀ ਸ੍ਰੇਸ਼ਠ। ਸਤਯੁਗ ਵਿੱਚ ਹੈ ਨੰਬਰਵਨ ਸ੍ਰੇਸ਼ਠ। ਤ੍ਰੇਤਾ ਵਿੱਚ ਦੋ ਡਿਗਰੀ ਘੱਟ ਹੋ ਜਾਂਦੀ ਹੈ। ਇਹ ਗਿਆਨ ਤੁਸੀਂ ਬੱਚਿਆਂ ਨੂੰ ਹੁਣ ਹੀ ਮਿਲਦਾ ਹੈ।

ਇਸ ਈਸ਼ਵਰੀ ਸਭਾ ਦਾ ਕੀ ਕਾਇਦਾ ਹੈ - ਜਿਨ੍ਹਾਂ ਨੂੰ ਗਿਆਨ ਰਤਨਾਂ ਦੀ ਕਦਰ ਹੈ, ਕਦੀ ਉਬਾਸੀ ਆਦਿ ਨਹੀਂ ਲੈਂਦੇ ਹਨ ਉਨ੍ਹਾਂ ਦੇ ਅੱਗੇ - ਅੱਗੇ ਬੈਠਣਾ ਚਾਹੀਦਾ ਹੈ। ਕੋਈ - ਕੋਈ ਬੱਚੇ ਬਾਪ ਦੇ ਸਾਹਮਣੇ ਬੈਠੇ ਵੀ ਝੁਟਕਾ ਖਾਂਦੇ ਹਨ, ਉਬਾਸੀ ਦਿੰਦੇ ਰਹਿੰਦੇ ਹਨ। ਉਨ੍ਹਾਂ ਨੂੰ ਫਿਰ ਪਿਛਾੜੀ ਵਿਚ ਜਾਕੇ ਬੈਠਣਾ ਚਾਹੀਦਾ ਹੈ। ਇਹ ਈਸ਼ਵਰੀ ਸਭਾ ਹੈ ਬੱਚਿਆਂ ਦੀ। ਪਰ ਕਈ ਬ੍ਰਹਮਣੀਆਂ ਅਜਿਹੀਆਂ ਨੂੰ ਵੀ ਲੈ ਆਉਂਦੀ ਹਨ, ਉਵੇਂ ਤਾਂ ਬਾਪ ਤੋਂ ਧਨ ਮਿਲਦਾ ਹੈ, ਇੱਕ - ਇੱਕ ਵਰਸ਼ਨਸ ਲੱਖਾਂ ਰੁਪਏ ਦਾ ਹੈ। ਤੁਸੀਂ ਜਾਣਦੇ ਹੋ ਗਿਆਨ ਮਿਲਦਾ ਹੀ ਹੈ ਸੰਗਮ ਤੇ। ਤੁਸੀਂ ਕਹਿੰਦੇ ਹੋ ਬਾਬਾ ਅਸੀਂ ਫਿਰ ਤੋਂ ਆਏ ਹਾਂ ਬੇਹੱਦ ਦਾ ਵਰਸਾ ਲੈਣ। ਮਿੱਠੇ - ਮਿੱਠੇ ਬੱਚਿਆਂ ਨੂੰ ਬਾਬਾ ਬਾਰ - ਬਾਰ ਸਮਝਾਉਂਦੇ ਹਨ ਇਹ ਛੀ - ਛੀ ਦੁਨੀਆਂ ਹੈ, ਤੁਹਾਡਾ ਹੈ ਬੇਹੱਦ ਦਾ ਵੈਰਾਗ। ਬਾਪ ਕਹਿੰਦੇ ਹਨ ਇਸ ਦੁਨੀਆਂ ਵਿੱਚ ਤੁਸੀਂ ਜੋ ਕੁਝ ਵੇਖਦੇ ਹੋ ਉਹ ਕਲ ਹੋਵੇਗਾ ਨਹੀਂ। ਮੰਦਿਰਾਂ ਆਦਿ ਦਾ ਨਾਮ ਨਿਸ਼ਾਨ ਨਹੀਂ ਰਹੇਗਾ। ਉੱਥੇ ਸ੍ਵਰਗ ਵਿੱਚ ਉਨ੍ਹਾਂ ਨੂੰ ਪੁਰਾਣੀ ਚੀਜ਼ ਵੇਖਣ ਦੀ ਦਰਕਾਰ ਨਹੀਂ। ਇੱਥੇ ਤਾਂ ਪੁਰਾਣੀ ਚੀਜ਼ ਦਾ ਕਿੰਨਾ ਮੁੱਲ ਹੈ। ਅਸੂਲ ਵਿੱਚ ਕੋਈ ਦਾ ਮੁੱਲ ਨਹੀਂ ਹੈ ਸਿਵਾਏ ਇੱਕ ਬਾਪ ਦੇ। ਬਾਪ ਕਹਿੰਦੇ ਹਨ ਮੈ ਨਾ ਆਵਾਂ ਤਾਂ ਤੁਸੀਂ ਰਜਾਈ ਕਿਵੇਂ ਲਵੋਗੇ। ਜਿਨ੍ਹਾਂ ਨੂੰ ਮਾਲੂਮ ਹੈ ਉਹ ਹੀ ਆਕੇ ਬਾਪ ਤੋਂ ਵਰਸਾ ਲੈਂਦੇ ਹਨ, ਇਸਲਈ ਕੋਟਾਂ ਵਿੱਚੋਂ ਕੋਈ ਕਿਹਾ ਜਾਂਦਾ ਹੈ। ਕੋਈ ਵੀ ਗੱਲ ਵਿੱਚ ਸੰਸ਼ਯ ਨਹੀਂ ਆਉਣਾ ਚਾਹੀਦਾ । ਭੋਗ ਆਦਿ ਦੀ ਵੀ ਰਸਮ - ਰਿਵਾਜ਼ ਹੈ। ਇਨ੍ਹਾਂ ਨਾਲ ਗਿਆਨ ਅਤੇ ਯਾਦ ਦਾ ਕੋਈ ਕਨੈਕਸ਼ਨ ਨਹੀਂ ਹੈ। ਹੋਰ ਕੋਈ ਗਲੱ ਨਾਲ ਤੁਹਾਡਾ ਤਾਲੁਕ ਨਹੀਂ। ਸਿਰਫ ਹਨ ਅਲਫ਼ ਅਤੇ ਬੇ, ਬਾਦਸ਼ਾਹੀ। ਅਲਫ਼ ਭਗਵਾਨ ਨੂੰ ਕਿਹਾ ਜਾਂਦਾ ਹੈ। ਉਂਗਲੀ ਨਾਲ ਵੀ ਇਵੇਂ ਇਸ਼ਾਰਾ ਕਰਦੇ ਹਨ ਨਾ। ਆਤਮਾ ਇਸ਼ਾਰਾ

ਕਰਦੀ ਹੈ ਨਾ। ਬਾਪ ਕਹਿੰਦੇ ਹਨ ਭਗਤੀ ਮਾਰਗ ਵਿੱਚ ਤੁਸੀਂ ਮੈਨੂੰ ਯਾਦ ਕਰਦੇ ਹੋ। ਤੁਸੀਂ ਸਭ ਮੇਰੇ ਆਸ਼ਿਕ ਹੋ। ਇਹ ਵੀ ਜਾਣਦੇ ਹੋ ਬਾਬਾ ਕਲਪ - ਕਲਪ ਆਕੇ ਸਭ ਮਨੁੱਖ ਮਾਤਰ ਨੂੰ ਦੁੱਖ ਤੋਂ ਛੁੜਾ ਸ਼ਾਂਤੀ ਅਤੇ ਸੁੱਖ ਦਿੰਦੇ ਹਨ, ਤੱਦ ਬਾਬਾ ਨੇ ਕਿਹਾ ਸੀ ਕਿ ਸਿਰਫ ਇਹ ਬੋਰਡ ਲਿਖ ਦੋ ਕਿ ਵਿਸ਼ਵ ਵਿੱਚ ਸ਼ਾਂਤੀ ਬੇਹੱਦ ਦਾ ਬਾਪ ਕਿਵੇਂ ਸਥਾਪਨ ਕਰ ਰਹੇ ਹਨ ਸੋ ਆਕੇ ਸਮਝੋ। ਇੱਕ ਸੇਕੇਂਡ ਵਿਚ ਵਿਸ਼ਵ ਦਾ ਮਾਲਿਕ 21 ਜਨਮ ਲਈ ਬਣਨਾ ਹੈ ਤਾਂ ਆਕੇ ਸਮਝੋ। ਘਰ ਵਿੱਚ ਬੋਰਡ ਲਗਾ ਦੋ, ਤਿੰਨ ਪੈਰ ਪ੍ਰਿਥਵੀ ਤੇ ਤੁਸੀਂ ਵੱਡੇ ਤੋਂ ਵੱਡੇ ਹਾਸਪਿਟਲ, ਯੂਨੀਵਰਸਿਟੀ ਖੋਲ੍ਹ ਸਕਦੇ ਹੋ। ਯਾਦ ਨਾਲ 21 ਜਨਮ ਲਈ ਨਿਰੋਗੀ ਅਤੇ ਪੜ੍ਹਾਈ ਨਾਲ ਸ੍ਵਰਗ ਦੀ ਬਾਦਸ਼ਾਹੀ ਮਿਲ ਜਾਂਦੀ ਹੈ। ਪ੍ਰਜਾ ਵੀ ਕਹੇਗੀ ਕਿ ਅਸੀਂ ਸ੍ਵਰਗ ਦੇ ਮਾਲਿਕ ਹਾਂ। ਅੱਜ ਮਨੁੱਖਾਂ ਨੂੰ ਲੱਜਾ ਆਉਂਦੀ ਹੈ ਕਿਓਂਕਿ ਨਰਕਵਾਸੀ ਹਨ। ਆਪ ਕਹਿੰਦੇ ਹਨ ਸਾਡਾ ਬਾਪ ਸ੍ਵਰਗਵਾਸੀ ਹੋਇਆ ਤਾਂ ਨਰਕਵਾਸੀ ਹੋ ਨਾ। ਜਦ ਮਰਨਗੇ ਤਾਂ ਸ੍ਵਰਗ ਵਿੱਚ ਜਾਣਗੇ। ਕਿੰਨੀ ਸਹਿਜ ਗੱਲ ਹੈ। ਚੰਗਾ ਕੰਮ ਕਰਨ ਵਾਲੇ ਦੇ ਲਈ ਖਾਸ ਕਹਿੰਦੇ ਹਨ ਇਹ ਬਹੁਤ ਮਹਾਂਦਾਨੀ ਸੀ। ਇਹ ਸ੍ਵਰਗ ਗਿਆ। ਪਰ ਜਾਂਦਾ ਕੋਈ ਵੀ ਨਹੀਂ ਹੈ। ਨਾਟਕ ਜੱਦ ਪੂਰਾ ਹੁੰਦਾ ਹੈ ਤਾਂ ਸਾਰੇ ਸਟੇਜ ਤੇ ਆਕੇ ਖੜ੍ਹੇ ਹੁੰਦੇ ਹਨ। ਇਹ ਲੜਾਈ ਵੀ ਤੱਦ ਲਗੇਗੀ ਜੱਦ ਸਾਰੇ ਐਕਟਰਸ ਇੱਥੇ ਆ ਜਾਣਗੇ ਫਿਰ ਵਾਪਿਸ ਆਉਣਗੇ। ਸ਼ਿਵ ਦੀ ਬਰਾਤ ਕਹਿੰਦੇ ਹਨ ਨਾ। ਸ਼ਿਵਬਾਬਾ ਦੇ ਨਾਲ ਸਾਰੀਆਂ ਆਤਮਾਵਾਂ ਜਾਣਗੀਆਂ। ਮੂਲ ਗੱਲ ਹੁਣ 84 ਜਨਮ ਪੂਰੇ ਹੋਏ। ਹੁਣ ਇਸ ਜੁੱਤੀ ਨੂੰ ਛੱਡਣਾ ਹੈ। ਜਿਵੇਂ ਸੱਪ ਪੁਰਾਣੀ ਖੱਲ ਛੱਡ ਨਵੀਂ ਲੈਂਦੇ ਹਨ। ਤੁਸੀਂ ਨਵੀਂ ਖੱਲ ਸਤਯੁਗ ਵਿੱਚ ਲਵੋਗੇ। ਸ਼੍ਰੀ ਕ੍ਰਿਸ਼ਨ ਕਿੰਨਾ ਖੂਬਸੂਰਤ ਹੈ, ਕਿੰਨੀ ਉਸ ਵਿੱਚ ਕਸ਼ਿਸ਼ ਹੈ। ਫ਼ਸਟਕਲਾਸ ਸ਼ਰੀਰ ਹੈ। ਅਜਿਹਾ ਅਸੀਂ ਲਵਾਂਗੇ। ਕਹਿੰਦੇ ਹਨ ਨਾ - ਅਸੀਂ ਤਾਂ ਨਾਰਾਇਣ ਬਣਾਂਗੇ। ਇਹ ਤਾਂ ਸੜੀ ਹੋਈ ਛੀ - ਛੀ ਖੱਲ ਹੈ। ਇਹ ਅਸੀਂ ਛੱਡ ਕੇ ਜਾਵਾਂਗੇ ਨਵੀਂ ਦੁਨੀਆਂ ਵਿੱਚ। ਇਹ ਯਾਦ ਕਰਦੇ ਖੁਸ਼ੀ ਕਿਓਂ ਨਹੀਂ ਹੁੰਦੀ, ਜੱਦ ਕਹਿੰਦੇ ਹੋ ਅਸੀਂ ਨਰ ਤੋਂ ਨਾਰਾਇਣ ਬਣਦੇ ਹਾਂ! ਇਸ ਸੱਤ ਨਾਰਾਇਣ ਦੀ ਕਥਾ ਨੂੰ ਚੰਗੀ ਤਰ੍ਹਾਂ ਸਮਝੋ। ਜੋ ਕਹਿੰਦੇ ਹੋ ਉਹ ਕਰਕੇ ਵਿਖਾਓ। ਕਹਿਣੀ, ਕਰਨੀ ਇੱਕ ਚਾਹੀਦੀ ਹੈ। ਧੰਧਾ ਆਦਿ ਵੀ ਭਾਵੇਂ ਕਰੋ। ਬਾਪ ਕਹਿੰਦੇ ਹਨ ਹੱਥਾਂ ਨਾਲ ਕੰਮ ਕਰੋ, ਦਿਲ ਬਾਪ ਦੀ ਯਾਦ ਵਿੱਚ ਰਹੇ। ਜਿੰਨੀ - ਜਿੰਨੀ ਧਾਰਨਾ ਕਰੋਗੇ ਉੰਨਾ ਤੁਹਾਡੇ ਕੋਲ ਨਾਲੇਜ ਦੀ ਵਾਲਯੂ ਹੁੰਦੀ ਜਾਵੇਗੀ, ਨਾਲੇਜ ਦੀ ਧਾਰਨਾ ਨਾਲ ਤੁਸੀਂ ਕਿੰਨਾ ਧਨਵਾਨ ਬਣਦੇ ਹੋ। ਇਹ ਹੈ ਰੂਹਾਨੀ ਨਾਲੇਜ। ਤੁਸੀਂ ਆਤਮਾ ਹੋ, ਆਤਮਾ ਹੀ ਸ਼ਰੀਰ ਨਾਲ ਬੋਲਦੀ ਹੈ। ਆਤਮਾ ਹੀ ਗਿਆਨ ਦਿੰਦੀ ਹੈ। ਆਤਮਾ ਹੀ ਧਾਰਨ ਕਰਦੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਪੁਰਾਣੀ ਦੁਨੀਆਂ ਦੀਆਂ ਪੁਰਾਣੀਆਂ ਚੀਜ਼ਾਂ ਨੂੰ ਵੇਖਦੇ ਹੋਏ ਵੀ ਨਹੀਂ ਵੇਖਣਾ ਹੈ। ਨਰ ਤੋਂ ਨਾਰਾਇਣ ਬਣਨ ਦੇ ਲਈ ਕਹਣੀ ਅਤੇ ਕਰਨੀ ਇੱਕ ਸਮਾਨ ਬਣਾਉਣੀ ਹੈ।

2. ਅਵਿਨਾਸ਼ੀ ਗਿਆਨ ਰਤਨਾਂ ਦਾ ਕਦਰ ਰੱਖਣਾ ਹੈ, ਇਹ ਬਹੁਤ ਵੱਡੀ ਕਮਾਈ ਹੈ, ਇਸ ਵਿੱਚ ਉਬਾਸੀ ਜਾਂ ਝੂਟਕਾ ਨਹੀਂ ਆਉਣਾ ਚਾਹੀਦਾ ਹੈ। ਨਾਮ - ਰੂਪ ਦੀ ਗ੍ਰਹਿਚਾਰੀ ਤੋਂ ਬਚਨ ਦੇ ਲਈ ਯਾਦ ਵਿੱਚ ਰਹਿਣ ਦਾ ਪੁਰਸ਼ਾਰਥ ਕਰਨਾ ਹੈ।

ਵਰਦਾਨ:- ਬਾਪ ਦੀ ਛਤ੍ਰਛਾਇਆ ਦੇ ਹੇਠਾਂ ਨਾਜੁਕ ਪ੍ਰਸਥਿਤੀਆਂ ਵਿਚ ਵੀ ਕਮਲ ਪੁਸ਼ਪ ਵਾਂਗੂੰ ਨਿਆਰੇ ਅਤੇ ਪਿਆਰੇ ਭਵ।
ਸੰਗਮਯੁੱਗ ਤੇ ਜਦੋਂ ਬਾਪ ਸੇਵਾਦਾਰੀ ਬਣਕੇ ਆਉਂਦੇ ਹਨ ਤਾਂ ਛਤ੍ਰਛਾਇਆ ਦੇ ਰੂਪ ਵਿਚ ਬੱਚਿਆਂ ਦੀ ਸਦਾ ਸੇਵਾ ਕਰਦੇ ਹਨ। ਯਾਦ ਕਰਦੇ ਹੀ ਸੈਕਿੰਡ ਵਿਚ ਸਾਥ ਦਾ ਅਨੁਭਵ ਹੁੰਦਾ ਹੈ। ਇਹ ਯਾਦ ਦੀ ਛਤ੍ਰਛਾਇਆ ਕਿਵੇਂ ਦੀਆਂ ਵੀ ਨਾਜੁਕ ਪ੍ਰਸਥਿਤੀਆਂ ਵਿਚ ਕਮਲ ਪੁਸ਼ਪ ਦੇ ਵਾਂਗੂੰ ਨਿਆਰੇ ਅਤੇ ਪਿਆਰੇ ਬਣਾ ਦਿੰਦੀਆਂ ਹਨ। ਮੇਹਨਤ ਨਹੀਂ ਲਗਦੀ। ਬਾਪ ਨੂੰ ਸਾਮ੍ਹਣੇ ਲਿਆਓ ਨਾਲ, ਸਵ ਸਥਿਤੀ ਵਿਚ ਸਥਿਤ ਹੋਣ ਨਾਲ ਕਿਵੇਂ ਦੀ ਵੀ ਪ੍ਰਸਥਿਤੀ ਪਰਿਵਰਤਨ ਹੋ ਜਾਂਦੀ ਹੈ।

ਸਲੋਗਨ:- ਗੱਲਾਂ ਦਾ ਪਰਦਾ ਵਿਚਕਾਰ ਆਉਣ ਨਾ ਦਵੋ ਤਾਂ ਬਾਪ ਦੇ ਨਾਲ ਦਾ ਅਨੁਭਵ ਹੁੰਦਾ ਰਹੇਗਾ।

******

ਅਵਿਅਕਤ ਇਸ਼ਾਰੇ:- ਆਤਮਿਕ ਸਥਿਤੀ ਵਿਚ ਰਹਿਣ ਦਾ ਅਭਿਆਸ ਕਰੋ, ਅੰਤਰਮੁੱਖੀ ਬਣੋ।

ਕਿਸੇ ਵੀ ਵਿਘਣ ਤੋਂ ਮੁਕਤ ਹੋਣ ਦੀ ਯੁਕਤੀ ਹੈ - ਸੈਕਿੰਡ ਵਿਚ ਖੁਦ ਦਾ ਸਵਰੂਪ ਮਤਲਬ ਆਤਮਿਕ ਜੋਤੀ ਸਵਰੂਪ ਸਮ੍ਰਿਤੀ ਵਿੱਚ ਆ ਜਾਵੇ ਅਤੇ ਕਰਮ ਵਿਚ ਨਿਮਿਤ ਭਾਵ ਦਾ ਸਵਰੂਪ - ਇਸ ਡਬਲ ਲਾਈਟ ਸਵਰੂਪ ਵਿਚ ਸਥਿਤ ਹੋ ਜਾਵੋ ਤਾਂ ਸੈਕਿੰਡ ਵਿਚ ਹਾਈ ਜੰਪ ਦੇ ਦੇਣਗੇ। ਕੋਈ ਵੀ ਵਿਘਣ ਅੱਗੇ ਵਧਣ ਵਿਚ ਰੁਕਾਵਟ ਨਹੀਂ ਪਾ ਸਕੇਗਾ।